
(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

# ਪਰਵਾਸ

ਪੁਸਤਕ ਲੜੀ

ਜਨਵਰੀ-ਮਾਰਚ 2019



**ਪਰਵਾਸੀ ਸਾਹਿਤ ਅਧਿਐਨ ਕੇਂਦਰ**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

ਪਰਵਾਸੀ ਪੰਜਾਬੀ ਸਾਹਿਤ ਵੱਖ-ਵੱਖ ਸਾਹਿਤਕ ਵੰਨਗੀਆਂ 'ਚ ਰਚਿਆ ਜਾ ਰਿਹਾ ਹੈ। ਜਿਸ ਵਿਚ ਸਥਾਨਕ ਵਿਸ਼ੇਸ਼ ਨਾਲ ਜੁੜੀ ਲੇਖਣੀ ਦੇ ਨਾਲ-ਨਾਲ ਜਨਮ-ਭੂਮੀ ਦੇ ਵੀ ਵੱਖ-ਵੱਖ ਸਰੋਕਾਰ ਰੂਪਮਾਨ ਹੋਏ ਮਿਲਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਵਾਸੀ ਪੰਜਾਬੀ ਸਾਹਿਤ 'ਚ ਵਧੇਰੇ ਰਚਨਾ ਕਵਿਤਾ, ਨਾਵਲ ਤੇ ਕਹਾਣੀ 'ਚ ਹੋ ਰਹੀ ਹੈ। ਪਰੰਤੂ ਹੁਣ ਪਰਵਾਸ ਵਿਚ ਨਾਟਕ ਵਿਧਾ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇੱਥੇ ਇਹ ਵੀ ਗੱਲ ਜ਼ਿਕਰਯੋਗ ਹੈ ਕਿ ਅਜੋਕਾ ਪਰਵਾਸੀ ਪੰਜਾਬੀ ਸਾਹਿਤ ਉਦਰੇਵੇਂ, ਝੂ-ਰੇਵੇਂ, ਨਸਲੀ ਵਿਤਕਰੇ ਤੇ ਵਤਨੋਂ ਦੂਰ ਹੋਣ ਦੀ ਤਸਵੀਰਕਸ਼ੀ ਨਹੀਂ ਕਰ ਰਿਹਾ ਬਲਕਿ ਉਥੋਂ ਦੀਆਂ ਸਭਿਆਚਾਰਕ, ਰਾਜਨੀਤਿਕ, ਜੀਵਨ-ਜਾਚ ਤੇ ਕਦਰਾਂ-ਕੀਮਤਾਂ ਨੂੰ ਵੀ ਬਾਖੂਬੀ ਚਿਤਰਨ ਦੇ ਆਹਰ 'ਚ ਹੈ। ਅਜਿਹੀ ਸਾਹਿਤਕਾਰੀ ਦੋਹਾਂ ਧਰਾਤਲਾਂ 'ਤੇ ਰਚੇ ਜਾ ਰਹੇ ਪੰਜਾਬੀ ਸਾਹਿਤ ਪ੍ਰਤੀ ਪਾਠਕਾਂ ਵਿਚ ਦਿਲਚਸਪੀ ਤੇ ਉਤਸੁਕਤਾ ਪੈਦਾ ਕਰ ਰਹੀ ਹੈ, ਜੋ ਪੰਜਾਬੀ ਸਾਹਿਤ ਲਈ ਇਕ ਸ਼ੁਭ ਸੰਕੇਤ ਕਹੀ ਜਾ ਸਕਦੀ ਹੈ। ਵਿਕਸਿਤ ਪੂੰਜੀਵਾਦੀ, ਸੂਚਨਾ ਤੇ ਤਕਨਾਲੋਜੀ ਦੇ ਯੁੱਗ ਵਿਚ ਰਾਸ਼ਟਰੀ-ਅੰਤਰਰਾਸ਼ਟਰੀ ਪ੍ਰਸਥਿਤੀਆਂ ਤੇਜ਼ੀ ਨਾਲ ਬਦਲ ਰਹੀਆਂ ਹਨ। ਜਿਸ ਦੇ ਪ੍ਰਭਾਵ ਸਦਕਾ ਸਾਹਿਤ ਵਿਚ ਵੀ ਅਜਿਹੇ ਸਰੋਕਾਰਾਂ ਦੀ ਆਮਦ ਹੋਣੀ ਸੁਭਾਵਿਕ ਹੈ। ਜਿਸ ਦੇ ਅੰਤਰਗਤ ਮਨੁੱਖੀ ਸੁਭਾਅ, ਸਮਾਜ ਸਭਿਆਚਾਰ ਆਦਿ ਸਰੋਕਾਰਾਂ ਨੂੰ ਵੀ ਵੱਖੋ-ਵੱਖਰੇ ਪਰਿਪੇਖਾਂ ਵਿੱਚ ਵਾਚਣਾ ਜ਼ਰੂਰੀ ਹੋ ਜਾਂਦਾ ਹੈ। ਇਹਨਾਂ ਬਦਲਦੀਆਂ ਪ੍ਰਸਥਿਤੀਆਂ ਵਿਚ ਵਿਕਸਿਤ ਹੋਈਆਂ ਵਿਭਿੰਨ ਅੰਤਰਦ੍ਰਿਸ਼ਟੀਆਂ ਪੱਖੋਂ ਦੋਹਾਂ ਧਰਾਤਲਾਂ 'ਤੇ ਰਚੇ ਜਾ ਰਹੇ ਪੰਜਾਬੀ ਸਾਹਿਤ ਪ੍ਰਤਿ ਤੁਲਨਾਤਮਕ ਅਧਿਐਨ ਨੂੰ ਵੀ ਬਲ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ।

ਡਾ. ਸ.ਪ.ਸਿੰਘ
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ
ਸਿਵਿਲ ਲਾਈਨਜ਼, ਲੁਧਿਆਣਾ

ਲਾਹੌਰ ਬੁੱਕ ਸ਼ਾਪ
ਲੁਧਿਆਣਾ

ਪਰਵਾਸੀ ਪੰਜਾਬੀ ਸਾਹਿਤ : ਵਿਭਿੰਨ ਸਰੋਕਾਰ
ਸੰਪਾਦਕ
ਪ੍ਰੋ. ਸ਼ਰਨਜੀਤ ਕੌਰ
ਪ੍ਰੋ. ਹਰਪ੍ਰੀਤ ਸਿੰਘ ਦੂਆ

# ਪਰਵਾਸੀ ਪੰਜਾਬੀ ਸਾਹਿਤ : ਵਿਭਿੰਨ ਸਰੋਕਾਰ

## (ਕਾਵਿ ਅਤੇ ਨਾਟਕ ਦੇ ਵਿਸ਼ੇਸ਼ ਸੰਦਰਭ 'ਚ)

ਸੰਪਾਦਕ
ਪ੍ਰੋ. ਸ਼ਰਨਜੀਤ ਕੌਰ
ਪ੍ਰੋ. ਹਰਪ੍ਰੀਤ ਸਿੰਘ ਦੂਆ

ਰਚਨਾਤਮਕ ਸਾਹਿਤ ਸਿਰਜਣਾ ਦੇ ਸਮਾਨਾਂਤਰ ਕਿਸੇ ਵੀ ਰਚਨਾ ਦੀ ਅੰਤਰ-ਪਾਠਾਤਮਕਤਾ (Inter-textualit) ਨੂੰ ਉਭਾਰਨ ਲਈ ਅਧਿਐਨ ਦ੍ਰਿਸ਼ਟੀਆਂ ਦਾ ਸਹਾਰਾ ਲੈਣਾ ਪੈਂਦਾ ਹੈ।ਪੱਛਮੀ ਜਗਤ ਵਿਚ ਪਨਪੀਆਂ ਇਨ੍ਹਾਂ ਅੰਤਰ ਦ੍ਰਿਸ਼ਟੀਆਂ ਨੂੰ ਪੰਜਾਬੀ ਸਮੀਖਿਆ ਜਗਤ ਨੇ ਆਤਮਸਾਤ ਕਰਦਿਆਂ ਹੋਇਆਂ ਰਚਨਾਵਾਂ ਦੇ ਸੌਂਦਰਯਾਤਮਕ ਪਾਸਾਰਾਂ, ਚਿਹਨਾਂ, ਪ੍ਰਤੀਕਾਂ, ਪ੍ਰਵਚਨਾਂ, ਖੱਪਿਆਂ ਅਤੇ ਅੰਤਰ ਵਿਰੋਧਾਂ ਨੂੰ ਪਛਾਣਦਿਆਂ ਹੋਇਆਂ ਨਵੀਆਂ ਅਰਥ ਸੰਭਾਵਨਾਵਾਂ ਨੂੰ ਉਭਾਰਿਆ ਹੈ। ਪਰਵਾਸੀ ਪੰਜਾਬੀ ਸਾਹਿਤ ਮੂਲ ਪੰਜਾਬੀ ਸਾਹਿਤਧਾਰਾ ਦਾ ਅੰਗ ਹੁੰਦਾ ਹੋਇਆ ਵੀ ਆਪਣੀ ਸੁਤੰਤਰ ਹੋਂਦ ਰੱਖਦਾ ਹੈ। ਪਿਛਲੀ ਅੱਧੀ ਸਦੀ ਤੋਂ ਵਿਸ਼ਵ ਦੇ ਵਿਭਿੰਨ ਕੋਣਿਆਂ ਵਿਚ ਵੱਸਦੇ ਪਰਵਾਸੀ ਪੰਜਾਬੀ ਲੇਖਕਾਂ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਉਤੇ ਕਲਮ ਅਜ਼ਮਾਈ ਕੀਤੀ ਹੈ। ਅਜੋਕੇ ਦੌਰ ਦੇ ਵਿਦਵਾਨ ਸਮੀਖਿਅਕਾਂ ਨੇ ਪਰਵਾਸੀ ਜੀਵਨ ਅਤੇ ਉਹਨਾਂ ਮੁਲਕਾਂ ਦੀਆਂ ਸਮਾਜ - ਸਭਿਆਚਾਰਕ ਪ੍ਰਸਥਿਤੀਆਂ ਨੂੰ ਧਿਆਨ ਗੋਚਰੇ ਰੱਖਦਿਆਂ ਹੋਇਆਂ ਪਰਵਾਸੀ ਪੰਜਾਬੀ ਸਾਹਿਤ ਦਾ ਸਿਧਾਂਤਕ ਪਰਿਪੇਖ ਉਸਾਰਨ ਦਾ ਯਤਨ ਕੀਤਾ ਹੈ।ਹੱਥਲੀ ਪੁਸਤਕ ਵਿਚ ਸ਼ਾਮਿਲ ਵੱਖ-ਵੱਖ ਖੋਜ ਪੱਤਰ ਵਿਭਿੰਨ ਅਧਿਐਨ ਦ੍ਰਿਸ਼ਟੀਆਂ ਰਾਹੀਂ ਪਰਵਾਸੀ ਪੰਜਾਬੀ ਸਾਹਿਤ ਦੇ ਵਿਭਿੰਨ ਪਾਸਾਰਾਂ ਨੂੰ ਪਛਾਣਨ ਤੇ ਸਮਝਣ ਵੱਲ ਅਗਰਸਰ ਹੋਏ ਹਨ।

(ਡਾ. ਸ. ਪ. ਸਿੰਘ)
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ।

ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ
ਸਿਵਲ ਲਾਈਨਜ਼, ਲੁਧਿਆਣਾ

ਲਾਹੌਰ ਬੁੱਕ ਸ਼ਾਪ
ਲੁਧਿਆਣਾ

ਪਰਵਾਸੀ ਪੰਜਾਬੀ ਸਾਹਿਤ : ਸਿਧਾਂਤਕ ਪਰਿਪੇਖ
ਸੰਪਾਦਕ
ਡਾ. ਭੁਪਿੰਦਰ ਸਿੰਘ ਡਾ. ਮੁਨੀਸ਼ ਕੁਮਾਰ

# ਪਰਵਾਸੀ ਪੰਜਾਬੀ ਸਾਹਿਤ ਸਿਧਾਂਤਕ ਪਰਿਪੇਖ

ਸੰਪਾਦਕ
ਡਾ. ਭੁਪਿੰਦਰ ਸਿੰਘ / ਡਾ. ਮੁਨੀਸ਼ ਕੁਮਾਰ

# ਪਰਵਾਸੀ ਪੰਜਾਬੀ ਸਾਹਿਤ : ਅਜੋਕੇ ਸੰਦਰਭ ਵਿਚ

ਸੰਪਾਦਕ
ਹਰਪ੍ਰੀਤ ਸਿੰਘ ਦੂਆ

ਪਰਵਾਸ ਦੀ ਪ੍ਰਕਿਰਿਆ ਅਜੋਕੇ ਦੌਰ ਵਿੱਚ ਗਲੋਬਲੀ ਵਰਤਾਰੇ ਦਾ ਅੰਗ ਬਣ ਚੁੱਕੀ ਹੈ ਅਤੇ ਪਰਵਾਸੀ ਪੰਜਾਬੀ ਸਾਹਿਤ ਜਿਹੜਾ ਕਿ ਕੁਝ ਦਹਾਕੇ ਪਹਿਲਾਂ ਬਿਲਕੁਲ ਅਣਗੌਲਿਆ ਸੀ ਤੇ ਵਿਕੋਲਿਤਰੇ ਸਰੋਕਾਰਾਂ ਤੱਕ ਹੀ ਸੀਮਤ ਸੀ ਅੱਜ ਪਲ-ਪਲ ਬਦਲ ਰਹੇ ਵਿਸ਼ਵੀ ਵਰਤਾਰਿਆਂ, ਸਰੋਕਾਰਾਂ, ਵਿਚਾਰਧਾਰਾਵਾਂ, ਤੇ ਪ੍ਰਸਥਿਤੀਆਂ ਨੂੰ ਮੁਖਾਤਿਬ ਹੋ ਰਿਹਾ ਹੈ। ਹੁਣ ਦਾ ਪਰਵਾਸੀ ਪੰਜਾਬੀ ਸਾਹਿਤ ਪੰਜਾਬ, ਪੰਜਾਬੀ ਸਭਿਆਚਾਰ, ਪੰਜਾਬੀ ਯਾਤਰਾ ਜਾਂ ਪਰਵਾਸ ਵਾਲੇ ਮੁਲਕਾਂ ਪ੍ਰਤੀ ਨਾਕਾਰਾਤਮਕ ਰੁਝਾਨਾਂ ਤੱਕ ਹੀ ਮਹਿਦੂਦ ਨਹੀਂ, ਬਲਕਿ ਇਹ ਹੋਰਨਾਂ ਸਭਿਆਚਾਰਾਂ, ਦੂਜੀਆਂ ਭਾਸ਼ਾਵਾਂ ਦੇ ਸਾਹਿਤ ਨਾਲ ਅੰਤਰ-ਸੰਵਾਦ ਰਚਾ ਰਿਹਾ ਹੈ।


ਹੱਥਲੀ ਪੁਸਤਕ ਵਿੱਚ ਪਰਵਾਸ ਤੇ ਪਰਵਾਸੀ ਪੰਜਾਬੀ ਸਾਹਿਤ ਸੰਬੰਧੀ ਨਵੀਨ ਧਾਰਨਾਵਾਂ, ਪਰਵਾਸੀ ਪੰਜਾਬੀ ਸਾਹਿਤ ਨੂੰ ਦਰਪੇਸ਼ ਚੁਣੌਤੀਆਂ, ਵੰਗਾਰਾਂ ਤੇ ਸੰਭਾਵਨਾਵਾਂ ਨੂੰ ਗਹਿਨ ਤੇ ਦੀਰਘ ਰੂਪ ਵਿੱਚ ਸਮਝਣ, ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਦਰਜ ਖੋਜ-ਪੱਤਰਾਂ ਦੀ ਸਿਧਾਂਤਕੀ ਤੇ ਵਿਹਾਰਕੀ ਦੋਵਾਂ ਪਰਤਾਂ ਨੂੰ ਗੰਭੀਰ ਰੂਪ ਵਿੱਚ ਵਿਚਾਰਿਆ ਗਿਆ ਹੈ ਤਾਂ ਜੋ ਵਿਚਾਰਾਂ ਦੇ ਵਿਹਾਰਕ ਪ੍ਰਸੰਗਾਂ ਤੇ ਸੰਦਰਭਾਂ ਦੀ ਪੁਨਰ ਪਛਾਣ ਹੋ ਸਕੇ।

ਡਾ. ਸ.ਪ. ਸਿੰਘ
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

ISBN : 9788193422083
978-81-934220-8-3

ਲਾਹੌਰ ਬੁੱਕ ਸ਼ਾਪ
ਲੁਧਿਆਣਾ

ਪੁਸਤਕ "ਪਰਵਾਸੀ ਪੰਜਾਬੀ ਸਾਹਿਤ : ਅਜੋਕੇ ਸੰਦਰਭ ਵਿਚ" ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪੰਜਾਬੀ ਵਿਭਾਗ ਦੇ ਪ੍ਰੋ. ਹਰਪ੍ਰੀਤ ਸਿੰਘ ਦੂਆ ਵਲੋਂ ਸੰਪਾਦਿਤ ਕੀਤੀ ਗਈ ਹੈ | ਇਸ ਪੁਸਤਕ ਵਿੱਚ ਸ਼ਾਮਲ 18 ਖੋਜ ਪੱਤਰ ਪਰਵਾਸੀ ਪੰਜਾਬੀ ਸਾਹਿਤ ਨੂੰ ਵਸਤੂਗਤ, ਰੂਪਗਤ ਤੇ ਭਾਸ਼ਾਈਗਤ ਮਾਧਿਅਮ ਰਾਹੀਂ ਨਿਰਖਣ, ਪਰਖਣ ਦਾ ਯਤਨ ਕਰਦੇ ਹਨ | ਨਿਰਸੰਦੇਹ ਇਹ ਪੁਸਤਕ ਭਵਿੱਖ ਵਿੱਚ ਨਵੇਂ ਸੰਵਾਦ ਨੂੰ ਸਿਰਜਣ ਦਾ ਯਤਨ ਕਰੇਗੀ |




ਪੁਸਤਕ "ਯੁੱਗ ਬੋਧ" (ਪਰਵਾਸੀ ਪੰਜਾਬੀ ਸਾਹਿਤ) ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਧੀਨ ਚੱਲ ਰਹੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਤਿਆਰ ਕੀਤੀ ਗਈ ਹੈ | ਇਸ ਪੁਸਤਕ ਦੇ ਸੰਪਾਦਕ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸਰਬਜੀਤ ਸਿੰਘ ਹਨ | ਇਸ ਪੁਸਤਕ ਵਿੱਚ ਸ਼ਾਮਿਲ 33 ਦੇ ਕਰੀਬ ਖੋਜ ਪੱਤਰਾਂ ਨੂੰ ਦੋ ਭਾਗਾਂ ਸਿਧਾਂਤਕ ਪਰਿਪੇਖ ਤੇ ਪਾਠਗਤ ਅਧਿਐਨ ਵਿਚ ਵੰਡਿਆ ਗਿਆ ਹੈ | ਇਸ ਪੁਸਤਕ ਦਾ ਉਦੇਸ਼ ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਮੁਲਾਂਕਣ ਕਰਨਾ ਤੇ 21 ਵੀਂ ਸਦੀ ਵਿੱਚ ਸੂਚਨਾ ਤੇ ਤਕਨਾਲੋਜੀ ਦੇ ਯੁੱਗ ਵਿੱਚ ਪੈਦਾ ਹੋ ਰਹੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਨੂੰ ਉਭਾਰਨਾ ਹੈ ਤਾਂ ਜੋ ਨਵੇਂ ਪਾਠਾਂ ਦੀ ਥਾਪਨਾ/ਉਥਾਪਨਾ ਕੀਤੀ ਜਾਵੇ |

ਪਾਠਕਾਂ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਮੈਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸੀ ਪੰਜਾਬੀ ਗਲਪ ਸਾਹਿਤ 'ਤੇ ਆਧਾਰਿਤ ਇਹ ਖੋਜ ਭਰਪੂਰ ਪੁਸਤਕ ਹੈ। ਇਸ ਪੁਸਤਕ ਵਿਚ ਪਰਵਾਸ ਵਿਚ ਰਚੇ ਜਾ ਰਹੇ ਗਲਪ ਸਾਹਿਤ ਰਾਹੀਂ ਉਥੋਂ ਦੇ ਸਮਾਜ ਸਭਿਆਚਾਰ ਨੂੰ ਬਿਰਤਾਂਤਕੀ ਚੌਖਟੇ ਰਾਹੀਂ ਸਮਝਣ ਦਾ ਯਤਨ ਹੀ ਨਹੀਂ ਕੀਤਾ ਗਿਆ ਸਗੋਂ ਵੱਖ-ਵੱਖ ਦ੍ਰਿਸ਼ਟੀਆਂ ਰਾਹੀਂ ਪਰਵਾਸ ਦੇ ਗਲਪੀ ਸੰਸਾਰ ਦਾ ਬਿਰਤਾਂਤਕੀ ਪ੍ਰਵਚਨ ਸਿਰਜਣ ਦਾ ਯਤਨ ਵੀ ਕੀਤਾ ਗਿਆ ਹੈ। ਇਸ ਪੁਸਤਕ ਵਿਚ ਪਰਵਾਸ ਨਾਲ ਜੁੜੇ ਸਮਾਜ-ਸਭਿਆਚਾਰਕ ਮਸਲਿਆਂ ਨੂੰ ਵੱਖ-ਵੱਖ ਵਿਦਵਾਨ ਚਿੰਤਕਾਂ ਨੇ ਵਿਭਿੰਨ ਕੋਣਾਂ ਤੋਂ ਦੇਖਣ ਪਰਖਣ ਦਾ ਯਤਨ ਕੀਤਾ ਹੈ। ਨਿਰਸੰਦੇਹ ਪਰਵਾਸੀ ਗਲਪ ਸਾਹਿਤ ਨਾਲ ਸੰਬੰਧਿਤ ਇਹ ਸਮੀਖਿਆਤਮਕ ਪੁਸਤਕ ਪਾਠਕਾਂ ਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ।

ਡਾ. ਸ. ਪ. ਸਿੰਘ
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
ਸਿਵਲ ਲਾਈਨਜ਼, ਲੁਧਿਆਣਾ

ਲਾਹੌਰ ਬੁੱਕ ਸ਼ਾਪ
ਲੁਧਿਆਣਾ

ISBN

ਪਰਵਾਸੀ ਪੰਜਾਬੀ ਗਲਪ ਸਾਹਿਤ : ਬਦਲਦੇ ਪਰਿਪੇਖ
ਡਾ. ਗੁਰਪ੍ਰੀਤ ਸਿੰਘ / ਡਾ. ਤੇਜਿੰਦਰ ਕੌਰ
ਲਾਹੌਰ



# ਪਰਵਾਸੀ ਪੰਜਾਬੀ ਗਲਪ ਸਾਹਿਤ : ਬਦਲਦੇ ਪਰਿਪੇਖ

ਸੰਪਾਦਕ
ਡਾ. ਗੁਰਪ੍ਰੀਤ ਸਿੰਘ/ਡਾ. ਤੇਜਿੰਦਰ ਕੌਰ